ੴ

# ਗੁਰਬਾਣੀ ਵਿਚਾਰੁ

## 100

## ਬੁੱਝਣਾ–ਸੀਝਣਾ–ਚੀਨਣਾ–ਪਚਿਾਨਣਾ

‘ਖੋਜੀ’

# ਬੁੱਝਣਾ-ਸੀਝਣਾ-ਚੀਨਣਾ-ਪਹਿਚਾਨਣਾ

**'ਬੁੱਝਣਾ'** ਤੇ **'ਸੀਝਣਾ'** ਕਿਸੇ ਗੁੱਝੇ ਭੇਦ ਨੂੰ ਜਾਨਣ ਅਥਵਾ ਸਮਝਣ ਨੂੰ ਆਖੀਦਾ ਹੈ।

**'ਚੀਨਣਾ'** ਤੇ **'ਪਹਿਚਾਨਣਾ'** ਕਿਸੇ ਗੁਆਚੀ ਜਾਂ ਭੁੱਲੀ ਹੋਈ ਚੀਜ਼ ਨੂੰ ਮੁੜ ਯਾਦ ਕਰਕੇ ਪਹਿਚਾਨ ਕਰਨਾ ਅਥਵਾ ਨਿਰਨਾ ਕਰਨਾ ਹੈ।

ਇਹ ਪਦ ਗੁਰਬਾਣੀ ਵਿਚ ਪਰਮਾਰਥ ਦੇ **ਅਤਿ ਡੂੰਘੇ ਤੇ ਗੁੱਝੇ ਜਾਂ ਭੁੱਲੇ ਹੋਏ ਭੇਦਾਂ ਦੀ ਖੋਜ ਅਥਵਾ ਅਨੁਭਵੀ ਵਿਚਾਰ ਲਈ ਵਰਤੇ ਜਾਂਦੇ ਹਨ।**

**'ਪਰਮਾਤਮਾ' ਅਦ੍ਰਿਸ਼ਟ ਤੇ ਅਗੋਚਰ ਹੋਣ ਕਾਰਣ** ਆਪਣੇ ਆਪ ਹੀ ਸਾਡੇ ਲਈ **ਸਭ ਤੋਂ 'ਵੱਡੀ ਬੁਝਾਰਤ'** (greatest mystery) ਹੈ।

ਉਸ ਦੇ **'ਕਵਾਉ'** ਦੁਆਰਾ ਰਚੀ ਹੋਈ **ਕੁਦਰਤ** ਵੀ ਸਾਡੀ **ਸੀਮਤ ਬੁੱਧੀ ਦੀ ਪਕੜ ਤੋਂ ਪਰ੍ਹੇ ਹੈ।** ਇਸ ਕਾਇਨਾਤ ਦੇ ਚਲਾਉਣ ਲਈ ਜੋ ਇਲਾਹੀ ਕਾਨੂੰਨ ਅਥਵਾ **'ਗੁੱਝਾ ਹੁਕਮ'** ਵਰਤ ਰਿਹਾ ਹੈ, ਉਸ ਤੋਂ ਵੀ ਅਸੀਂ ਅਣਜਾਣ ਹਾਂ।

ਇਸ ਤਰ੍ਹਾਂ ਪਰਮੇਸ਼ਰ, **'ਹੁਕਮੀ'**, ਤੇ ਉਸ ਦਾ ਇਲਾਹੀ **'ਹੁਕਮ'**, ਦਿਮਾਗੀ ਜੀਵਾਂ ਲਈ ਹਮੇਸ਼ਾਂ **'ਗੋਰਖ-ਧੰਦਾ'** ਹੀ ਬਣਿਆ ਰਿਹਾ ਹੈ। ਇਹ ਸਾਰਾ ਇਲਾਹੀ 'ਵਡ-ਖੇਲ-ਤਮਾਸ਼ਾ' ਅਨੰਤ ਮਾਇਕੀ ਨਾਟਕ ਹੈ, ਜਿਸ ਵਿਚ ਅਸੀਂ ਸਾਰੇ ਜੀਵ, ਆਪੋ-ਆਪਣੇ ਜ਼ਿੰਮੇ ਲੱਗੇ ਕੰਮ (role) ਅਨੁਸਾਰ ਹਿੱਸਾ ਲੈ ਰਹੇ ਹਾਂ। (We are unconsicous partners of the Infinite Divine Drama)

ਪਰ, ਹੈਰਾਨ ਕਰਨ ਵਾਲਾ ਅਨੋਖਾ ਨੁਕਤਾ ਇਹ ਹੈ ਕਿ ਅਸੀਂ ਸਾਰੇ 'ਜੀਵ' ਇਸ **ਅਨੰਤ ਮਾਇਕੀ ਨਾਟਕ ਵਿਚ ਇਤਨੇ ਗਲਤਾਨ ਹੋਏ-ਹੋਏ ਹਾਂ ਕਿ ਇਸ ਕੁਦਰਤ ਦੇ 'ਵਡ-ਖੇਲ ਤਮਾਸ਼ੇ' ਦੇ ਰਚਨਹਾਰ ਅਥਵਾ 'ਕਰਤਾ ਪੁਰਖ' ਤੇ ਉਸ ਦੇ ਗੁੱਝੇ 'ਹੁਕਮ' ਤੋਂ ਅਣਜਾਣ,** ਬੇ-ਖ਼ਬਰ ਜਾਂ ਬੇ-ਪ੍ਰਵਾਹ ਹਾਂ ਅਥਵਾ **'ਭੁੱਲ ਗਏ ਹਾਂ'।**

ਪਰਮੇਸ਼ਰ ਨੇ ਅਪਣੀ ਮੌਜ ਵਿਚ 'ਵਡ-ਖੇਲ-ਤਮਾਸ਼ਾ' ਰਚਿਆ, ਤੇ **'ਤ੍ਰੈ-ਗੁਣਾਂ' ਵਿੱਚ ਚੌਰਾਸੀ ਲੱਖ ਜੂਨਾਂ ਉਪਜਾਈਆਂ**, ਜਿਸ ਵਿਚ **ਅਪਣੀ 'ਰੂਹ' ਫੂਕ ਕੇ, ਉਹਨਾਂ ਅੰਦਰ ਆਪ ਵਰਤਦਾ ਹੋਇਆ ਭੀ, ਆਪਣੀ ਅੱਡਰੀ ਨਿਰੰਕਾਰੀ ਹਸਤੀ ਦੁਆਰਾ, ਆਪਣਾ ਰਚਿਆ ਹੋਇਆ 'ਖੇਲ' ਦੇਖਦਾ ਤੇ ਮੌਲਦਾ ਹੈ।**

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-੪੬੩)

**ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥** (ਪੰਨਾ-੭੨੩)

ਪਰਮੇਸ਼ਰ ਨੇ ਇਨ੍ਹਾਂ ਤ੍ਰੈ-ਗੁਣੀ ਜੀਵਾਂ ਦੇ ਉਦਾਲੇ **'ਹਉਮੈ' ਦੇ 'ਭਰਮ' ਦਾ ਸੂਖਮ ਪਰਦਾ ਪਾ ਦਿਤਾ ਹੈ**, ਜਿਸ ਦੁਆਰਾ ਜੀਵ ਆਪੋ-ਆਪਣੀਆਂ **ਅੱਡਰੀਆਂ ਹਸਤੀਆਂ ਮਹਿਸੂਸ ਕਰਦੇ ਹਨ** ਤੇ ਆਪੋ ਆਪਣੀ ਸੀਮਤ ਬੁੱਧੀ ਅਨੁਸਾਰ ਪੰਜ ਅੰਸ਼ — ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਧੀਨ ਹੋ ਕੇ **ਕਰਮ ਕਰਦੇ ਤੇ ਨਤੀਜੇ ਭੁਗਤਦੇ ਹਨ।**

**ਪਰਮੇਸ਼ਰ ਇਕ ਹੈ** — ਪਰ **'ਮਾਇਕੀ ਭਰਮ' ਦੁਆਰਾ ਇਕ ਤੋਂ ਅਨੇਕ ਜਾਪਦੇ ਹਨ। ਇਹ ਮਾਇਕੀ ਭਰਮ 'ਹਉਮੈ' ਵਿਚੋਂ ਉਪਜਿਆ ਹੈ।**

**'ਹਉਮੈ'** ਤੇ **'ਇਲਾਹੀ ਹੁਕਮ' ਇਕ ਦੂਜੇ ਦੇ 'ਉਲਟ' ਯਾ ਮੁਤਜ਼ਾਦ ਹਨ।**

ਇਸ ਲਈ ਜਦ ਤਾਂਈ **'ਰੱਬੀ ਹੁਕਮ' ਦਾ ਭੇਦ ਬੁੱਝਿਆ ਨਹੀਂ ਜਾਂਦਾ—'ਹਉਮੈ' ਅਤੇ 'ਮਾਇਕੀ ਭਰਮ' ਦੀ ਬਾਬਤ ਸੋਝੀ ਨਹੀਂ ਹੋ ਸਕਦੀ।**

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥** (ਪੰਨਾ-੧)

**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥** (ਪੰਨਾ-੮੮੫)

ਇਸੇ ਤਰ੍ਹਾਂ **'ਆਪਾ ਚੀਨੈ' ਬਗੈਰ 'ਹਉਮੈ' ਦਾ ਭਰਮ ਨਹੀਂ ਜਾਂਦਾ।**

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥** (ਪੰਨਾ-੬੮੪)

ਗੁਰਬਾਣੀ ਵਿਚ ਇਨ੍ਹਾਂ ਸਾਰਿਆਂ ਭਰਮਾਂ ਅਤੇ **ਭੇਦਾਂ ਦੇ ਬੁੱਝਣ, ਸੀਝਣ, ਚੀਨਣ ਅਤੇ ਪਹਿਚਾਨਣ ਦੀ ਕੁੰਜੀ, 'ਨਾਮ' ਜਾਂ 'ਸ਼ਬਦ' ਦਸਿਆ ਹੈ।**

ਮਾਇਕੀ **ਭਰਮ ਦੀ ਅਗਿਆਨਤਾ** ਵਾਲੀ ਹਾਲਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ —

**ਬਿਨ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥** (ਪੰਨਾ-੩੩)

**ਮੂਰਖੁ ਸਬਦੁ ਨਾ ਚੀਨਈ ਸੂਝ ਬੂਝ ਨਹ ਕਾਇ ॥** (ਪੰਨਾ-੯੩੮)

**ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥** (ਪੰ.-੧੦੬੬)

**ਬਿਨੁ ਬੂਝੇ ਕਹਾ ਮਨੁ ਠਹਰਾਨਾ ॥**
**ਨਾਮ ਬਿਨਾ ਸਭੁ ਜਗੁ ਬਉਰਾਨਾ ॥** (ਪੰਨਾ-੧੧੪੦)

**ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥**

(ਪੰਨਾ-੧੩੦੦)

ਇਸ ਲਈ ਗੁਰਬਾਣੀ ਵਿਚ ਦਰਸਾਏ ਅਨੇਕਾਂ ਆਤਮਿਕ **ਭੇਦਾਂ ਨੂੰ** –

ਬੁੱਝਣ
ਸੀਝਣ
ਚੀਨਣ
ਪਹਿਚਾਨਣ
ਅਨੁਭਵ ਕਰਨ

**ਤੋਂ ਬਗੈਰ,** ਅਸੀਂ ਆਪਣਾ ਮਾਇਕੀ ਜੀਵਨ ਅਤੇ ਪਰਮਾਰਥਕ **ਜੀਵਨ ਅਜਾਈਂ ਗਵਾ ਰਹੇ ਹਾਂ** ਤੇ **ਹਉਮੈ ਦੇ ਭਰਮ-ਭੁਲਾਵੇ ਵਿਚ ਕੀਤੇ** ਹੋਏ ਸਭ ਧਾਰਮਿਕ ਕਰਮ-ਕ੍ਰਿਆ ਭੀ **ਫੋਕਟ ਅਤੇ ਨਿਹਫਲ ਹੋ ਜਾਂਦੇ ਹਨ।** ਇਹੀ ਵਜਾਹ ਹੈ ਕਿ ਇਤਨੇ ਕਰਮ-ਧਰਮ ਕਰਦਿਆਂ ਹੋਇਆਂ ਭੀ ਸਾਡੇ ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਤਬਦੀਲੀ ਨਹੀਂ ਆਉਂਦੀ।

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ (ਪੰਨਾ-੨੫੨)

ਗੁਰਬਾਣੀ ਧੁਰੋਂ ਅਨੁਭਵੀ ਦੇਸ਼ ਤੋਂ ਆਈ ਹੈ ਤੇ **ਇਸ ਦੇ ਉਪਦੇਸ਼ਾਂ ਨੂੰ ਬੁੱਝਣਾ ਅਤੇ ਚੀਨਣਾ, ਬੁੱਧੀ ਮੰਡਲ ਦੀ ਪਕੜ ਤੋਂ ਪਰ੍ਹੇ ਦੀ ਗੱਲ ਹੈ।**

ਇਹ ਤਾਂ **ਅਨੁਭਵੀ ਆਤਮਿਕ ਗਿਆਨ ਹੈ** ਜੋ ਸਾਧ ਸੰਗਤ ਵਿਚ ਨਾਮ-ਅਭਿਆਸ ਕਮਾਈ ਕਰਦਿਆਂ, ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ ਤੇ ਤ੍ਰੈ-ਗੁਣਾਂ ਦੇ ਭਰਮ-ਭੁਲਾਵੇ ਦੂਰ ਕਰ ਕੇ ਓਹਨਾਂ **'ਆਤਮਿਕ ਭੇਦਾਂ'** ਨੂੰ **ਅਨੁਭਵ ਦੁਆਰਾ ਹੀ ਬੁੱਝ, ਸੀਝ, ਚੀਨ ਤੇ ਪਹਿਚਾਣ ਸਕਦੇ ਹਾਂ।**

ਇਲਾਹੀ ਕੁਦਰਤ ਦੇ ਦੋ ਅੱਡ-ਅੱਡ ਮੰਡਲ ਹਨ –

1. ਮਾਇਕੀ ਮੰਡਲ
2. ਆਤਮਿਕ ਮੰਡਲ

ਮਾਇਕੀ ਮੰਡਲ ਤ੍ਰੈ-ਗੁਣ – 'ਰਜੋ-ਤਮੋ-ਸਤੋ' ਵਿਚ ਵਰਤਦਾ ਹੈ, ਜੋ ਸਾਡੀ **'ਹਉਮੈ'** ਅਥਵਾ **'ਹਉਂ-ਧਾਰੀ ਮਨ'** ਦੇ **'ਭਰਮ ਭੁਲਾਵੇ'** ਵਿਚੋਂ ਉਪਜਦਾ ਹੈ।

ਇਨਸਾਨ ਨੂੰ ਪਰਮਾਤਮਾ ਨੇ ਤੀਖਣ ਬੁੱਧੀ ਬਖਸ਼ੀ ਹੈ, ਜਿਸ ਦੇ ਵਿਕਾਸ ਦੁਆਰਾ ਅਸੀਂ ਰੱਬੀ ਕੁਦਰਤ ਦੀ ਖੋਜ ਕਰਕੇ, ਹੈਰਾਨ ਕਰਨ ਵਾਲੀਆਂ ਵਿਗਿਆਨਕ ਕਾਢਾਂ

ਕੱਢੀਆਂ ਹਨ ਤੇ ਕਾਇਨਾਤ ਦੇ ਸੂਖਮ **ਗੁੱਝੇ ਭੇਦ** ਲੱਭੇ ਹਨ, ਜਿਸ ਦੁਆਰਾ ਕਈ ਕਿਸਮ ਦੇ ਸੁਖ ਦੇ ਸਾਧਨਾਂ ਅਤੇ ਤਜਰਬਿਆਂ ਤੇ ਕ੍ਰਿਸ਼ਮਿਆਂ ਦੀ ਜਾਣਕਾਰੀ ਹੋਈ ਹੈ।

ਸਿਆਣੇ ਵਿਗਿਆਨੀਆਂ ਨੂੰ ਹੁਣ ਸੋਝੀ ਆ ਰਹੀ ਹੈ ਕਿ ਸਾਡੇ ਇਹ 'ਵਿਗਿਆਨਿਕ ਤਜਰਬੇ' ਕੁਦਰਤ ਦੀ **'ਸਹਿਜ ਚਾਲ'** (ecology) **ਵਿਚ ਵਿਘਨ ਪਾਉਂਦੇ ਹਨ।** ਜੋ ਸਾਡੇ ਜੀਵਨ ਲਈ ਹਾਨੀਕਾਰਕ ਹਨ ਅਤੇ ਸਾਡੇ ਭਵਿੱਖ ਲਈ ਭੀ ਖਤਰਨਾਕ ਅਤੇ ਭਿਆਨਕ ਸਾਬਤ ਹੋ ਰਹੇ ਹਨ।

ਸਾਡੀ ਮਾਇਕੀ ਤੀਖਣ ਬੁੱਧੀ ਦੀ ਜਾਣਕਾਰੀ, ਸਮਝ, ਖੋਜ ਅਥਵਾ **'ਗਿਆਨ'** ਅਧੂਰਾ ਅਤੇ **ਭਰਮ-ਮਈ ਹੈ।** ਜੋ ਇਕ ਪਾਸੇ ਸਾਨੂੰ ਸੁਖ-ਅਰਾਮ ਦਿੰਦਾ ਹੈ, ਪਰ ਦੂਜੇ ਪਾਸੇ ਦੁਖ-ਕਲੇਸ਼ ਅਤੇ ਤਬਾਹੀ ਦਾ ਕਾਰਣ ਬਣ ਰਿਹਾ ਹੈ।

ਅਸੀਂ ਅਪਣੀ ਤੀਖਣ ਬੁੱਧੀ ਨਾਲ ਕੁਦਰਤ ਦੇ ਗੁੱਝੇ **ਭੇਦਾਂ ਦੀ ਖੋਜ** ਵਿਚ ਇਤਨੇ ਗਲਤਾਨ ਤੇ ਮਸਤ ਹੋ ਗਏ ਹਾਂ ਕਿ **ਕੁਦਰਤ ਦੇ ਕਰਤਾ, 'ਅਕਾਲ ਪੁਰਖ'** ਅਤੇ 'ਕੁਦਰਤ' ਨੂੰ ਚਲਾਉਣ ਵਾਲੇ **'ਇਲਾਹੀ ਹੁਕਮ'** ਤੋਂ ਅਣਜਾਣ ਅਤੇ ਅਵੇਸਲੇ ਹੋ ਗਏ ਹਾਂ।

ਗੁਰਬਾਣੀ ਵਿਚ ਇਹੋ ਜਿਹੇ ਦਿਮਾਗੀ ਗਿਆਨੀਆਂ ਅਥਵਾ ਵਿਗਿਆਨੀਆਂ ਤੇ ਇਉਂ **ਕਟਾਖ ਕੀਤੇ ਹਨ** –

**ਆਪਿ ਨ ਬੂਝੈ ਲੋਕ ਬੁਝਾਵੈ ॥**
**ਮਨ ਕਾ ਅੰਧਾ ਅੰਧੁ ਕਮਾਵੈ ॥**
**ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥** (ਪੰਨਾ-੮੩੨)

**ਸੋ ਬਉਰਾ ਜੋ ਆਪੁ ਨ ਪਛਾਨੈ ॥**
**ਆਪੁ ਪਛਾਨੈ ਤ ਏਕੈ ਜਾਨੈ ॥** (ਪੰਨਾ-੮੫੫)

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
**ਨਾਮੁ ਨ ਬੂਝਹਿ ਭਰਮਿ ਭੁਲਾਨਾ ॥** (ਪੰਨਾ-੧੦੩੨)

ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ (ਪੰਨਾ-੧੨੯੦)

ਇਸ ਦੇ ਐਨ ਉਲਟ **ਅਨੁਭਵੀ ਗਿਆਨ ਦੇ ਬੁੱਝਣ ਤੇ ਸੀਝਣ ਦੇ ਇਹ ਲਾਭ ਦੱਸੇ ਗਏ ਹਨ** –

**ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਸੋਈ ॥** (ਪੰ.-੮੮੦)

**ਸਬਦੁ ਬੁਝੈ ਸੋ ਮੈਲੁ ਚੁਕਾਏ ॥**
**ਨਿਰਮਲ ਨਾਮੁ ਵਸੈ ਮਨਿ ਆਇ ॥** (ਪੰਨਾ-੧੦੪੪)

**ਗੁਰਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥** (ਪੰ.-੧੦੫੬)

**ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥** (ਪੰ.-੧੦੭੬)

**ਹੁਕਮੁ ਬੁਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥**
(ਪੰਨਾ-੧੦੭੭)

**ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥** (ਪੰ.-੧੧੫੩)

ਗੁਰਬਾਣੀ ਵਿਚ 'ਆਤਮਿਕ ਗਿਆਨ' ਪ੍ਰਾਪਤ ਕਰਨ ਦੀ ਜੁਗਤ ਇਉਂ ਦੱਸੀ ਗਈ ਹੈ —

**ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥** (ਪੰਨਾ-੨੬੩)

**ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ ॥** (ਪੰਨਾ-੪੯੭)

**ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥** (ਪੰਨਾ-੫੫੯)

**ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ ॥** (ਪੰਨਾ-੫੮੭)

**ਸਤਿਗੁਰੁ ਸੇਵੈ ਸੋ ਜਨ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥** (ਪੰਨਾ-੮੪੨)

ਪਾਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ ਨਿਰੰਜਨ ਦੇਵ ॥ (ਪੰਨਾ-੮੬੨)

**ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥**
(ਪੰਨਾ-੯੪੦)

**ਨਾਮੇ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥** (ਪੰਨਾ-੯੪੬)

ਸਚਾ ਗਹਿਰ ਗੰਭੀਰੁ ਹੈ **ਗੁਰ ਸਬਦਿ ਬੁਝਾਈ ॥** (ਪੰਨਾ-੯੫੦)

**ਨਾਨਕ ਬੂਝਹੁ ਇਹ ਬਿਧਿ ਗੁਰਮਤਿ**
**ਹਰਿ ਰਾਮ ਨਾਮਿ ਲਿਵ ਲਾਇਆ ॥** (ਪੰਨਾ-੧੦੩੯)

**ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ**
**ਤਿਨਿ ਬੇਦਹਿ ਤਤੁ ਪਛਾਨਿਆ ॥** (ਪੰਨਾ-੧੨੦੫)

**'ਅਨੁਭਵੀ ਆਤਮਿਕ ਗਿਆਨ' ਦੀ ਸੋਝੀ ਲਈ ਸਤਿਗੁਰੂ ਦੀ ਬਖਸ਼ਿਸ਼ ਲਾਜ਼ਮੀ ਹੈ —**

ਸੋਧਤ ਸੋਧਤ ਸੋਧਤ ਸੀਝਿਆ ॥ **ਗੁਰਪ੍ਰਸਾਦਿ ਤਤੁ ਸਭੁ ਬੂਝਿਆ ॥**
(ਪੰਨਾ-੨੮੧)

**ਕਹੁ ਕਬੀਰ ਜਨਿ ਏਕੋ ਬੂਝਿਆ ॥**
**ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥** (ਪੰਨਾ-੪੭੬)

**ਨਾਨਕ ਨਦਰਿ ਕਰੇ ਸੋ ਬੂਝੈ** ਸੋ ਜਨੁ ਨਾਮੁ ਧਿਆਏ ॥
**ਗੁਰ ਪ੍ਰਸਾਦੀ ਏਕੋ ਬੂਝੈ ਏਕਸੁ** ਮਾਹਿ ਸਮਾਏ ॥ (ਪੰਨਾ-੭੩੨)

**ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥** (ਪੰ.-੮੪੧)

**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ ॥** (ਪੰਨਾ-੯੨੨)

**ਗੁਰ ਪਰਸਾਦੀ ਆਪੁ ਪਛਾਣੈ** ਕਮਲੁ ਬਿਗਸੈ ਬੁਧਿ ਤਾਹਾ ਹੇ ॥ (ਪੰ.-੧੦੫੬)

**ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥**
(ਪੰਨਾ-੧੦੬੧)

**ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ ॥**
(ਪੰਨਾ-੧੧੯੯)

**ਹੁਕਮੈ ਬੂਝੈ ਤਤੁ ਪਛਾਣੈ॥** ਇਹੁ ਪਰਸਾਦੁ ਗੁਰੂ ਤੇ ਜਾਣੈ ॥ (ਪੰਨਾ-੧੨੮੯)

**ਪਰ 'ਆਤਮਿਕ ਗਿਆਨ' ਨੂੰ ਬੁੱਝਣ ਤੇ ਚੀਨਣ ਵਾਲੇ ਤਤ ਜੋਗ ਕੇ 'ਬੇਤੇ' ਕੋਈ ਵਿਰਲੇ ਹੀ ਹੁੰਦੇ ਹਨ —**

ਗੁਰੁ ਸਮਝਾਵੈ ਸੋਝੀ ਹੋਈ ॥ **ਗੁਰਮੁਖਿ ਵਿਰਲਾ ਬੂਝੈ ਕੋਈ ॥** (ਪੰਨਾ-੨੨੪)

**ਕੋਟਿ ਮਧੇ ਕਿਨੈ ਪਛਾਨਿਆ ਹਰਿ ਨਾਮਾ ਸਚੁ ਸੋਈ ॥** (ਪੰਨਾ-੭੬੯)

ਨਿਕਟਿ ਵਸੈ ਦੇਖੈ ਸਭੁ ਸੋਈ ॥ **ਗੁਰਮੁਖਿ ਵਿਰਲਾ ਬੂਝੈ ਕੋਈ॥** (ਪੰ.-੮੩੧)

**ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥** (ਪੰ.-੮੪੪)

ਸਭਿ ਰਸ ਦੇਹੀ ਅੰਦਰਿ ਪਾਏ ॥ **ਵਿਰਲੇ ਕਉ ਗੁਰੁ ਸਬਦੁ ਬੁਝਾਏ ॥**
(ਪੰਨਾ-੧੦੫੬)

**ਗੁਰਮੁਖਿ ਵਿਰਲਾ ਕੋਈ ਬੂਝੈ** ਸਬਦੇ ਰਹਿਆ ਸਮਾਈ ॥ (ਪੰਨਾ-੧੩੩੨)

ਸਭਨਾ ਮਹਿ ਏਕੋ ਸਚੁ ਵਰਤੈ **ਵਿਰਲਾ ਬੂਝੈ ਕੋਈ ॥** (ਪੰਨਾ-੧੩੩੪)

ਜੇ ਸਾਨੂੰ ਅਪਣੀ ਭੁੱਲੀ ਹੋਈ **'ਵਿਰਾਸਤ'** (heritage) ਦਾ ਕੋਈ ਪਤਾ ਦੱਸੇ ਤਾਂ ਅਸੀਂ ਉਸ ਦੀ ਪ੍ਰਾਪਤੀ ਲਈ ਵਕੀਲ ਦੁਆਰਾ ਕਾਨੂੰਨੀ ਤੌਰ ਤੇ ਆਪਣਾ 'ਹੱਕ' ਸਾਬਤ ਕਰਨ ਲਈ ਸਾਰਾ ਜ਼ੋਰ ਲਾ ਦਿੰਦੇ ਹਾਂ। ਹਾਲਾਂਕਿ ਇਹ ਦੁਨਿਆਵੀ ਪਦਾਰਥ ਹੀ ਹੈ ਤੇ ਸਾਡੇ ਨਾਲ ਵੀ ਨਹੀਂ ਜਾਣਾ।

ਦੂਜੇ ਪਾਸੇ, ਸਾਡੀ 'ਆਤਮਿਕ ਵਿਰਾਸਤ' (Divine heritage) **ਸਾਡੇ ਅੰਦਰ ਹੀ ਹੈ**, ਜਿਸ ਨੂੰ ਪ੍ਰਾਪਤ ਕਰਨ ਲਈ, ਜਾਂ ਉਸ ਦਾ ਲਾਹਾ ਲੈਣ ਲਈ, ਸਾਨੂੰ ਕੋਈ ਵਕੀਲ ਕਰਨ ਦੀ ਜਾਂ ਅਦਾਲਤਾਂ ਵਿੱਚ **ਖੁਆਰ ਹੋਣ ਦੀ ਲੋੜ ਨਹੀਂ**। ਇਹ ਆਤਮਿਕ 'ਵਿਰਾਸਤ' 'ਪਿਊ ਦਾਦੇ ਦਾ ਖਜ਼ਾਨਾ' **ਸਾਡੇ ਅੰਦਰ ਹੀ ਆਤਮਾ ਵਿੱਚ ਸਮਾਇਆ ਹੋਣ ਕਰਕੇ, ਸਾਨੂੰ ਆਪਣੇ ਅੰਦਰ ਹੀ ਖੋਜ ਕਰਨ ਦੀ ਲੋੜ ਹੈ**, ਜਿਸ ਲਈ ਸਾਨੂੰ ਅੰਦਰ ਹੀ 'ਬੋਰਿੰਗ' (boring) ਕਰਨੀ ਪਵੇਗੀ ਅਥਵਾ 'ਅੰਤਰਮੁਖੀ' ਹੋਣਾ ਪਵੇਗਾ। ਇਹ ਖਜ਼ਾਨਾ, ਜਿਸ ਨੂੰ ਗੁਰਬਾਣੀ ਵਿੱਚ **'ਨਾਮ' 'ਸਬਦ' 'ਹਰਿ ਰਸ', 'ਪਿਰਮ ਪਿਆਲਾ'** ਆਦਿ ਕਿਹਾ ਗਿਆ ਹੈ। ਜਿਸ ਦਾ ਪਤਾ ਤੇ ਬਿਆਨ ਗੁਰਬਾਣੀ ਵਿੱਚ ਖੋਲ੍ਹ ਕੇ ਵਿਸਥਾਰ ਨਾਲ ਕੀਤਾ ਹੋਇਆ ਹੈ ਅਤੇ ਇਸ ਦੇ **ਲੱਭਣ ਲਈ ਵੀ ਸੌਖੇ ਤੇ ਸਪਸ਼ਟ ਸਾਧਨ ਦੱਸੇ ਗਏ ਹਨ** —

1. **ਸਤਿਗੁਰੂ ਦੀ ਬਖਸ਼ਿਸ਼,**
2. **ਸਾਧ ਸੰਗਤ,**
3. **ਨਾਮ-ਅਭਿਆਸ ਕਮਾਈ।**

ਅਸਲ ਵਿੱਚ ਗੁਰੂ ਦੀ ਕ੍ਰਿਪਾ ਨਾਲ ਹੀ ਸਾਧ ਸੰਗਤ ਮਿਲਦੀ ਹੈ —

ਕਿਰਪਾ ਕਰੇ ਜਿਸੁ ਪਾਰਬ੍ਰਹਮੁ **ਹੋਵੈ ਸਾਧੂ ਸੰਗੁ** ॥
**ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ** ॥ (ਪੰਨਾ-੭੧)

ਸਾਧੂ ਸੰਗਤ ਅਥਵਾ **ਸਾਧ ਸੰਗਤ** ਦੀ ਪ੍ਰੇਰਨਾ ਤੇ 'ਜੀਵਨ-ਛੋਹ' ਨਾਲ **ਨਾਮ-ਅਭਿਆਸ ਕਮਾਈ ਸਹਿਜੇ ਹੀ ਹੁੰਦੀ ਹੈ** —

**ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ** ॥
(ਪੰਨਾ-੨੩੪)

**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ** ॥ (ਪੰਨਾ-੨੬੨)

**ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ** ॥ (ਪੰਨਾ-੮੧੭)

ਦਿਮਾਗੀ ਗਿਆਨ ਦੁਆਰਾ ਜਾਨਣਾ, ਸਮਝਣਾ ਤੇ ਇਸ ਦਿਮਾਗੀ ਰੋਸ਼ਨੀ ਦੀ ਪ੍ਰੇਰਨਾ ਨਾਲ ਉੱਦਮ ਕਰਨਾ, ਤ੍ਰੈ-ਗੁਣਾਂ ਵਿੱਚ 'ਹਉਮੈ' ਦੇ ਆਸਰੇ ਹੈ। ਸਾਡੀ ਬੁੱਧੀ ਦੀ ਸ਼ਕਤੀ ਸੀਮਿਤ ਹੈ, ਇਸ ਲਈ ਸਾਡੀ **ਸਮਝ ਅਧੂਰੀ ਤੇ ਸਾਡਾ ਉੱਦਮ ਵੀ ਗਲਤ ਹੋ ਸਕਦਾ ਹੈ।**

ਇਹੀ ਕਾਰਨ ਹੈ ਕਿ ਬੇਅੰਤ ਜਿਗਿਆਸੂ ਆਤਮਿਕ ਖੋਜ ਵਿੱਚ ਲਗੇ ਹੋਏ ਹਨ, ਪਰ **ਸਹੀ ਆਤਮਿਕ 'ਜੀਵਨ-ਸੇਧ' ਤੋਂ ਵਾਂਝੇ ਹੋਣ ਕਾਰਨ ਭੰਬਲ-ਭੂਸਿਆਂ ਵਿੱਚ ਪੈ ਕੇ 'ਖੜ੍ਹਦੀ ਕਲਾ' ਵਿੱਚ ਅਜਾਈਂ ਆਪਣਾ ਜੀਵਨ ਗੁਆ ਰਹੇ ਹਨ।**

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥**

(ਪੰਨਾ-੬੪੧)

ਬਿਜਲੀ ਬਾਬਤ ਸਾਡੀ ਜਾਣਕਾਰੀ ਅਤੇ ਗਿਆਨ (theory) ਸਾਡੀ ਬੁੱਧੀ ਤਾਈਂ ਸੀਮਿਤ, ਹੈ, ਪਰ ਇਸ ਦਾ **'ਤੱਤ ਗਿਆਨ'** ਬਿਜਲੀ ਦੇ 'ਕਰੰਟ' (current) ਨਾਲ **'ਛੋਹ' ਕੇ ਹੀ ਹੋ ਸਕਦਾ ਹੈ।**

ਜਦ ਬਿਜਲੀ ਦੇ ਕਰੰਟ (current) ਨਾਲ ਸਾਡਾ ਸਰੀਰ ਛੋਂਹਦਾ ਹੈ ਤਾਂ ਸਾਡੇ ਸਰੀਰ ਨੂੰ ਝਟਕਾ (shock) ਵਜਦਾ ਹੈ। **ਇਸ ਝਟਕੇ ਦਾ ਨਿੱਜੀ ਤਜਰਬਾ ਹੀ ਬਿਜਲੀ ਦੇ ਅਸਲੀ 'ਤਤ-ਗਿਆਨ' ਦਾ ਬੁੱਝਣਾ, ਸੀਝਣਾ, ਚੀਨਣਾ ਅਥਵਾ ਪਹਿਚਾਨਣਾ ਹੈ।**

ਏਸੇ ਤਰ੍ਹਾਂ 'ਸਬਦੁ', 'ਨਾਮ' ਦੀ ਬਾਬਤ ਸਾਡਾ ਦਿਮਾਗੀ ਗਿਆਨ ਅਧੂਰਾ ਤੇ ਫੋਕਾ ਹੈ।

ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ
ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ॥
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ
ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ
ਚੰਦੁ ਚੰਦੁ ਕਹੈ ਉਜਿਆਰੋ ਨ ਪ੍ਰਗਾਸ ਹੈ ॥
**ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ**
**ਕਰਨੀ ਪ੍ਰਧਾਨ ਭਾਨੁ ਉਦਤਿ ਅਕਾਸ਼ ਹੈ ॥** (ਕ. ਭਾ. ਗੁ. ੪੩੭)

ਭਾਵੇਂ **ਨਾਮ ਦੀ ਜੀਵਨ-ਰੌ** ਸਾਡੇ ਅੰਦਰ-ਬਾਹਰ **ਰਵਿ ਰਹੀ ਭਰਪੂਰ ਹੈ** ਅਤੇ ਸਾਨੂੰ 'ਮਾਤ ਪਿਤਾ ਦੀ ਨਿਆਂਈ' ਪਾਲਦੀ, ਪੋਸਦੀ ਅਤੇ ਪਿਆਰ ਕਰਦੀ ਹੈ — ਪਰ ਸਾਡੇ **ਮੈਲੇ ਮਨ ਨੂੰ 'ਨਾਮ' ਦੀ ਬਾਬਤ ਨਿਸਚਾ ਯਾ ਸ਼ਰਧਾ-ਭਾਵਨੀ ਨਹੀਂ ਉਪਜਦੀ।**

**'ਨਾਮ', 'ਸਬਦ', 'ਹੁਕਮ'** ਦੀ ਬਾਬਤ ਸਾਡਾ ਪੜ੍ਹਿਆ-ਪੜ੍ਹਾਇਆ, ਸੁਣਿਆ-ਸੁਣਾਇਆ, **ਓਪਰਾ ਜਿਹਾ ਗਿਆਨ ਸਾਡੀ ਬੁੱਧੀ ਤਾਂਈ ਸੀਮਿਤ ਹੈ,** ਜੋ ਛੇਤੀ ਹੀ ਉੱਡ-ਪੁੱਡ ਜਾਂਦਾ ਹੈ।

ਇਹਨਾਂ ਆਤਮਿਕ ਗੁਣਾਂ ਦਾ ਅਸਲੀ **'ਤਤ ਗਿਆਨ'** ਸਾਡੀ ਬੁੱਧੀ ਦੀ ਪਕੜ ਤੋਂ ਪਰ੍ਹੇ ਹੈ।

**'ਸਾਧ ਸੰਗਤ'** **ਅਤੇ** **'ਗੁਰੂ ਦੀ ਕ੍ਰਿਪਾ'** ਦੁਆਰਾ ਜਦ ਸਾਡੇ ਮਨ ਨੂੰ **ਨਾਮ ਦੀ ਜੀਵਨ-ਰੌ ਦੀ 'ਛੋਹ' ਲਗਦੀ ਹੈ** ਤਾਂ ਹੀ – ਸਾਡੇ ਅੰਤ੍ਰ-ਆਤਮੇ **ਅਨੁਭਵੀ ਪ੍ਰਕਾਸ਼ ਹੁੰਦਾ ਹੈ ਤੇ 'ਗੁਰ ਸਬਦੀ ਗੋਬਿੰਦ ਗੱਜਿਆ' ਹੋ ਕੇ 'ਨਾਨਕ ਕਾ ਪਾਤਸ਼ਾਹ ਦਿਸੈ ਜਾਹਿਰਾ' ਹੁੰਦਾ ਹੈ।**

ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥** (ਪੰਨਾ-੭੯੪)

ਇਸ ਅਲੌਕਿਕ ਅੰਤ੍ਰ-ਆਤਮੇ **ਅਨੁਭਵੀ 'ਪ੍ਰਕਾਸ਼' ਦੇ ਨਿੱਜੀ ਆਤਮਿਕ 'ਤਜਰਬੇ' ਨੂੰ ਹੀ ਬੁੱਝਣਾ, ਸੀਝਣਾ, ਚੀਨਣਾ ਅਤੇ ਪਹਿਚਾਨਣਾ ਕਿਹਾ ਗਿਆ ਹੈ।**

**'ਦਿਮਾਗੀ ਗਿਆਨ'** ਅਤੇ **ਅੰਤ੍ਰ-ਆਤਮੇ 'ਅਨੁਭਵੀ ਆਤਮਿਕ ਗਿਆਨ'** ਦਾ ਨਿਖੇੜਵਾਂ ਨਿਰਨਾ ਇਉਂ ਕੀਤਾ ਜਾਂਦਾ ਹੈ –

**ਬੁੱਧੀ ਦਾ ਗਿਆਨ**

1. 'ਬੁੱਧੀ' ਤ੍ਰੈ-ਗੁਣਾਂ ਦਾ ਅੰਗ ਹੈ। ਇਸ ਦਾ ਗਿਆਨ ਭੀ ਅਧੂਰਾ ਤੇ ਗਲਤ ਹੋ ਸਕਦਾ ਹੈ।
2. ਬੁੱਧੀ ਆਪਣਾ ਗਿਆਨ **ਬਾਹਰੋਂ** 'ਤ੍ਰੈ-ਗੁਣਾਂ' ਦੇ ਅਕਸ ਤੋਂ ਪ੍ਰਾਪਤ ਕਰਦੀ ਹੈ।
3. ਬੁੱਧੀ ਦੀ ਸਮਰਥਾ **'ਸੀਮਤ'** ਹੈ।
4. ਬੁੱਧੀ ਦਾ ਗਿਆਨ, ਸਮੇਂ ਅਨੁਸਾਰ ਬਦਲਦਾ ਰਹਿੰਦਾ ਹੈ, ਇਸ ਲਈ ਇਹ **'ਸੱਚ' ਨਹੀਂ ਹੈ।**
5. ਬੁੱਧੀ ਦਾ ਗਿਆਨ **'ਬਾਹਰਮੁਖੀ'** ਤ੍ਰੈ-ਗੁਣਾਂ ਦੇ ਆਧਾਰ ਤੇ ਹੈ, ਜੋ ਕਿ 'ਮਾਦੀ' ਹੋਣ ਕਰਕੇ ਖੁਸ਼ਕ ਅਤੇ ਰੁੱਖਾ-ਸੁੱਕਾ ਹੈ।
6. ਬੁੱਧੀ ਦਾ 'ਅਧਿਆਤਮਿਕ ਗਿਆਨ' ਬਾਹਰਮੁਖੀ **ਹੋਣ** ਕਾਰਣ, **'ਓਪਰਾ'** (acquired) **'ਉਧਾਰਾ'** (borrowed) ਅਤੇ **ਜੂਠਾ** ਹੈ। ਇਹ ਸੁਣਿਆ- ਸੁਣਾਇਆ, ਸਮਝਿਆ- ਸਮਝਾਇਆ, ਫੋਕਟ **ਦਿਮਾਗੀ ਕਲਪਨਾ** (hypothesis) ਹੀ ਹੈ।
7. ਬੁੱਧੀ ਦਾ ਗਿਆਨ ਸਾਡੀਆਂ ਬਾਹਰਲੀਆਂ ਇੰਦਰੀਆਂ ਤੇ ਅੰਤਿਸ਼ਕਰਨ ਦਾ ਅਕਸ ਹੈ। ਇਸ ਲਈ ਇੱਕੋ ਵਿਸ਼ੇ ਤੇ, ਹਰ-ਇਕ ਦੀ ਭਿੰਨ-ਭਿੰਨ ਰਾਏ ਹੋ ਸਕਦੀ ਹੈ, ਜਿਸ ਕਾਰਣ ਅਕਸਰ ਵਾਦ-ਵਿਵਾਦ ਤੇ **ਝਗੜਿਆਂ ਦਾ ਕਾਰਣ ਬਣਦਾ ਹੈ।**
8. ਬੁੱਧੀ ਦਾ ਗਿਆਨ ਮਨੁੱਖੀ **ਹਉਮੈ ਦੇ ਅਧੀਨ,** ਉਸ ਦੀ ਆਪਣੀ ਮਿਹਨਤ ਅਤੇ **ਘਾਲਣਾ ਦਾ ਫ਼ਲ ਹੈ।**

9. ਦਿਮਾਗੀ ਗਿਆਨ ਸਿਰਫ **ਇਸ ਜ਼ਿੰਦਗੀ ਵਿਚ** ਕੰਮ ਆਉਂਦਾ ਹੈ।

10. ਦਿਮਾਗੀ ਗਿਆਨੀ **ਹਉਮੈ ਵਿਚ ਆਪਣੀ ਵਿਦਵਤਾ ਦੀ ਪੰਡ ਚੁਕੀ ਫਿਰਦਾ ਹੈ।** 'ਜਉ ਲਉ ਪੋਟ ਉਠਾਈ ਫਿਰਿਓ ਤਉ ਲਉ ਡਾਨ ਭਰੇ'॥

11. ਦਿਮਾਗੀ ਗਿਆਨ ਤ੍ਰੈ-ਗੁਣੀ ਮਾਇਆ ਦੀ ਖੋਜ ਤੇ 'ਸੰਗਤ' ਕਰਦਾ ਹੋਇਆ **ਮੋਹ-ਮਾਇਆ ਵਿਚ ਗਲਤਾਨ ਰਹਿੰਦਾ ਹੈ** ਤੇ 'ਦੂਜੈ-ਭਾਉ' ਅੰਦਰ **ਢਹਿੰਦੀਆਂ ਕਲਾਂ** ਵਿਚ ਵਿਚਰਦਾ ਹੈ।

12. ਦਿਮਾਗੀ ਗਿਆਨ ਸਾਨੂੰ **ਤ੍ਰੈ-ਗੁਣਾਂ ਦੀ ਟੀਸੀ ਤਾਈਂ ਪੁਚਾ ਸਕਦਾ ਹੈ** ਪਰ ਉਦੂੰ ਅਗਾਂਹ, **ਆਤਮਿਕ ਵੇਹੜੇ ਵਿਚ ਦਾਖਿਲ ਕਰਨ ਦੀ ਸਮਰਥਾ ਨਹੀਂ ਰਖਦਾ।**

13. ਦਿਮਾਗੀ ਗਿਆਨ ਹਾਸਿਲ ਕਰਨ ਲਈ ਅਤਿਅੰਤ **ਘਾਲਣਾ ਤੇ ਖਰਚ ਦੀ ਲੋੜ ਹੈ।**

14. ਦਿਮਾਗੀ ਗਿਆਨ **ਕੁਦਰਤ ਦੇ ਗੁੱਝੇ ਭੇਦਾਂ ਦੀ ਕੁੰਜੀ ਹੈ।**

15. ਦਿਮਾਗੀ ਗਿਆਨੀ ਕੁਦਰਤੀ ਭੇਦਾਂ ਦੀ ਖੋਜ ਕਰ ਕੇ ਹੈਰਾਨ ਹੁੰਦੇ ਹਨ ਤੇ **ਆਕੜੇ ਫਿਰਦੇ ਹਨ।**

16. ਦਿਮਾਗੀ ਗਿਆਨ ਤ੍ਰੈ-ਗੁਣੀ **'ਦੂਜੇ ਭਾਉ' ਦੀ ਰੰਗਤ ਨਾਲ** ਜੀਵਾਂ ਵਿਚ ਖੁਦਗਰਜ਼ੀ, ਦਵੈਤ, ਤ੍ਰਿਸ਼ਨਾ, ਨਫਰਤ, ਲੜਾਈਆਂ, ਝਗੜੇ ਤੇ ਜ਼ੁਲਮ ਦਾ **ਕਾਰਨ ਬਣਿਆ** ਹੈ, ਜਿਹਾ ਕਿ ਪਿਛਲੀਆਂ ਭਿਆਨਕ ਲੜਾਈਆਂ।

17. ਦਿਮਾਗੀ ਗਿਆਨ ਦੇ ਬੇਅੰਤ ਵਿਕਾਸ ਹੋਣ ਦੇ **ਬਾਵਜੂਦ**, ਦੁਨੀਆਂ ਵਿਚ ਈਰਖਾ, ਦਵੈਤ, ਨਫ਼ਰਤ, ਤ੍ਰਿਸ਼ਨਾ, ਲੜਾਈਆਂ, ਜ਼ੁਲਮ, **ਅਸ਼ਾਂਤੀ ਦਾ ਕਾਰਨ ਬਣਿਆ ਹੈ।**

18. ਦਿਮਾਗੀ ਗਿਆਨ **'ਦੂਜੇ ਭਾਉ'** (duality) ਵਿਚ ਵਿਚਰਦਾ ਹੈ, ਇਸ ਲਈ ਜਿਥੇ ਇਸ ਨੇ ਸਾਨੂੰ ਬੇਅੰਤ ਸੁਖ-ਅਰਾਮ ਪਹੁੰਚਾਇਆ ਹੈ, ਉਥੇ ਉਦੂੰ ਜ਼ਿਆਦਾ ਦੁਖ, ਕਲੇਸ਼ ਤੇ ਅਸ਼ਾਂਤੀ ਦਾ ਕਾਰਨ ਬਣਿਆ ਹੈ।

19. ਦਿਮਾਗੀ ਗਿਆਨੀ ਉਕਤੀਆਂ-ਜੁਗਤੀਆਂ (philosophy), ਦੇ **ਜੰਗਲ ਵਿਚ ਆਪ ਫਸ ਜਾਂਦੇ ਹਨ** ਤੇ ਹੋਰਨਾਂ ਲੋਕਾਂ ਨੂੰ **ਫਸਾਈ ਰਖਦੇ ਹਨ ਤੇ ਨਾਨਕ ਲੇਖੇ ਇਕ ਗਲ' ਤੋਂ ਦੁਰੇਡੇ ਚਲੇ ਜਾਂਦੇ ਹਨ।**

20. ਦਿਮਾਗੀ 'ਅਧਿਆਤਮਿਕ' ਗਿਆਨ ਨਾਲ ਸਾਡੀ **ਹਉਮੈ ਨੂੰ ਪੱਠੇ ਪੈਂਦੇ ਹਨ** ਤੇ ਅਸੀਂ **'ਭਲੇ-ਭਲੇਰੇ'** ਬਣ ਜਾਂਦੇ ਹਾਂ। ਸਾਡੇ ਮਨ ਨੂੰ **ਸਿਆਣਪ ਤੇ ਵਿਦਵਤਾ**

**ਦੀ ਪਾਣ** (galvanized) ਚੜ੍ਹ ਜਾਂਦੀ ਹੈ, ਜਿਸ ਕਾਰਨ ਸਾਡੇ ਮਨ ਉੱਚੀ-ਸੁੱਚੀ **ਇਲਾਹੀ 'ਭਾਵਨਾ' ਤੇ ਅਨੁਭਵੀ ਲਿਸ਼ਕਾਂ ਤੋਂ ਵਾਂਝੇ ਰਹਿੰਦੇ ਹਨ।**

### ਅਨੁਭਵੀ ਗਿਆਨ

1. **'ਅਨੁਭਵ' ਇਲਾਹੀ ਪ੍ਰਕਾਸ਼ ਦੀ ਲਿਸ਼ਕ ਹੈ, ਜੋ ਅਭੁੱਲ ਤੇ ਪੂਰਨ ਹੈ।**
2. 'ਅਨੁਭਵ' ਅੰਦਰਲੀ **ਆਤਮਾ ਤੋਂ ਉਪਜਦਾ ਹੈ ਤੇ ਨਿਰਮਲ ਅਤੇ ਸੰਪੂਰਨ ਹੈ।**
3. ਅਨੁਭਵ ਦਾ ਸੋਮਾ ਇਲਾਹੀ ਮੰਡਲ ਹੋਣ ਕਰਕੇ ਇਸ ਦੀ ਸਮਰਥਾ **ਬੇਅੰਤ ਹੈ।**
4. ਅਨੁਭਵ **ਇਲਾਹੀ ਪ੍ਰਕਾਸ਼ ਦੀ 'ਲਿਸ਼ਕ** ਹੈ', ਇਸ ਲਈ ਸਦਾ **ਅਟੱਲ ਅਤੇ ਸੱਚ ਹੈ।**
5. ਅਨੁਭਵੀ ਗਿਆਨ ਦਾ **ਸੋਮਾ ਇਲਾਹੀ ਪ੍ਰਕਾਸ਼ ਹੈ,** ਇਸ ਲਈ ਇਨ੍ਹਾਂ ਇਲਾਹੀ 'ਲਿਸ਼ਕਾਂ' ਵਿਚ ਸਾਰੇ ਗੁਣ, 'ਰੰਗ', 'ਰਸ' 'ਪ੍ਰੇਮ', 'ਚਾਓ' ਭਰਪੂਰ ਹਨ।
6. ਅਨੁਭਵੀ ਅਧਿਆਤਮਕ ਗਿਆਨ ਆਪਣੇ ਇਲਾਹੀ ਕੇਂਦਰ ਤੋਂ ਆਉਣ ਕਰਕੇ, ਅਸਲੀ (original) ਨਿਜੀ, ਸੱਚਾ-ਸੁੱਚਾ ਤੇ **ਨਿਜੀ ਤਜਰਬੇ** (personal experience) ਤੇ ਅਧਾਰਤ ਹੈ।
7. ਅਨੁਭਵੀ ਗਿਆਨ **ਇਕੋ ਸੋਮੇ ਆਤਮ-ਪ੍ਰਕਾਸ਼ ਦੀ 'ਲਿਸ਼ਕ' ਹੋਣ ਕਾਰਨ,** ਸਾਰੀਆਂ ਰੂਹਾਂ ਦੇ ਅਨੁਭਵ ਦਾ **ਨਿਜੀ ਤਜਰਬਾ ਇਕੋ ਹੁੰਦਾ ਹੈ** ਤੇ ਕਿਸੇ **ਵਾਦ-ਵਿਵਾਦ ਲਈ ਗੁੰਜਾਇਸ਼ ਨਹੀਂ ਹੁੰਦੀ।**
8. ਅਨੁਭਵੀ ਗਿਆਨ ਸਤਿਗੁਰੂ ਦੀ ਇਲਾਹੀ **'ਦਾਤ' ਹੈ,** ਜਿਸ ਦੀ **'ਸੰਤਨ ਹਥਿ ਰਾਖੀ ਕੂੰਜੀ' ਹੈ।**
9. ਆਤਮਿਕ ਗਿਆਨ **ਐਥੇ ਓਥੇ ਸਹਾਇਕ ਹੋ ਕੇ,** 'ਲੋਕ ਸੁਖੀ-ਪਰਲੋਕ ਸੁਹੇਲੇ' ਕਰਦਾ ਹੈ।
10. ਅਨੁਭਵੀ ਗਿਆਨ ਦੇ ਪ੍ਰਕਾਸ਼ ਵਿੱਚ, **ਵਿਦਵਤਾ ਦੀ ਕੂੜੀ ਹਉਮੈ ਸੜ ਜਾਂਦੀ ਹੈ** ਤੇ ਉਹ ਆਤਮਿਕ ਪ੍ਰਕਾਸ਼ ਦਾ ਰੰਗ-ਰਸ ਮਾਣਦਾ ਹੈ।
11. ਅਨੁਭਵੀ ਗਿਆਨ ਇਲਾਹੀ ਗੁਣ-'ਪ੍ਰੀਤ, ਪ੍ਰੇਮ, ਰਸ, ਚਾਉ' ਦੇ ਵਲਵਲੇ ਮਾਣਦਾ ਹੋਇਆ **ਚੜ੍ਹਦੀਆਂ ਕਲਾਂ** ਵਿੱਚ ਵਿਚਰਦਾ ਹੈ।
12. ਆਤਮਿਕ ਗਿਆਨ ਤ੍ਰੈ-ਗੁਣਾਂ ਦੇ **ਮਾਇਕੀ ਦਾਇਰੇ ਚੋਂ ਕੱਢ ਕੇ ਇਲਾਹੀ ਦੇਸ਼ 'ਪ੍ਰਕਾਸ਼ ਰੂਪ' ਵਿਚ ਦਾਖਿਲ ਕਰਦਾ ਹੈ।**

13. ਅਨੁਭਵੀ ਗਿਆਨ ਅਮੋਲਕ **ਇਲਾਹੀ ਦਾਤ ਹੈ,** ਜਿਸ ਲਈ ਸਤਿਗੁਰੂ ਨੂੰ **'ਆਪਾ' ਭੇਟ ਕਰਨਾ ਪੈਂਦਾ ਹੈ** ਤੇ ਜੋ ਗੁਰਮੁਖ ਪਿਆਰਿਆਂ, ਸੰਤਾਂ, ਮਹਾਂਪੁਰਖਾਂ ਦੀ **ਸੰਗਤ ਵਿਚ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।**

14. ਅਨੁਭਵੀ ਗਿਆਨ **'ਇਲਾਹੀ ਦੇਸ਼' ਦੇ ਭੇਦਾਂ ਦੀ ਕੁੰਜੀ ਹੈ।**

15. ਅਨੁਭਵੀ ਗਿਆਨ ਦੁਆਰਾ ਜੀਵ **'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨ ਭਇਆ ਨਿਧਾਨਾ॥'** ਅਨੁਸਾਰ, ਕਿਸੇ **ਵਿਸਮਾਦੀ ਨਸ਼ੇ ਵਿਚ 'ਵਾਹੁ-ਵਾਹੁ' ਕਹਿ ਉਠਦਾ ਹੈ, ਤੇ ਇਲਾਹੀ ਮੰਡਲਾਂ ਦੇ ਸੁਹਣੇ ਪ੍ਰਕਾਸ਼ ਵਿਚ ਉਡਾਰੀਆਂ ਲਾਉਂਦਾ ਹੈ।**

16. ਅਨੁਭਵੀ ਗਿਆਨ ਜੀਵਾਂ ਨੂੰ **ਆਪਣੇ ਕੇਂਦਰ 'ਰੱਬ' ਦੀ 'ਸੋਝੀ' ਦਿੰਦਾ ਹੈ, ਤੇ ਮੈਤ੍ਰੀ-ਭਾਵ,** ਪ੍ਰੀਤ, ਪ੍ਰੇਮ, ਸੇਵਾ ਅਤੇ ਕੁਰਬਾਨੀ **ਵੱਲ ਪ੍ਰੇਰਦਾ ਹੈ।**

17. ਅਨੁਭਵੀ ਗਿਆਨ ਦਾ ਜਿੱਥੇ ਭੀ ਪ੍ਰਕਾਸ਼ ਹੋਇਆ ਹੈ, ਉਥੇ ਹੀ **ਅਸੁਰੀ ਅਉਗਣਾਂ ਦੀ ਬਜਾਏ, ਦੈਵੀ ਗੁਣਾਂ ਦਾ ਪ੍ਰਵੇਸ਼ ਹੈ,** ਤੇ ਸ਼ਾਂਤੀ ਵਰਤਦੀ ਹੈ, ਜਿਹਾ ਕਿ ਬਖਸ਼ੇ ਹੋਏ ਗੁਰਮੁਖ ਪਿਆਰੇ, ਮਹਾਂਪੁਰਖਾਂ ਦੀ ਸੰਗਤ ਅਥਵਾ **ਸਾਧ ਸੰਗਤ ਵਿਚ।**

18. ਅਨੁਭਵੀ ਗਿਆਨ ਦਾ ਸੋਮਾ ਇਕ **ਪ੍ਰਮਾਤਮਾ** ਹੋਣ ਕਾਰਣ, ਸਾਨੂੰ ਉਸ **'ਏਕੇ' ਦੇ ਸੋਹਣੇ ਪ੍ਰਕਾਸ਼ ਮੰਡਲ ਦੀ ਸੋਝੀ ਦਿੰਦਾ ਹੈ,** ਜਿਸ ਵਿਚ ਪ੍ਰੀਤ, ਪ੍ਰੇਮ, ਰਸ, ਰੰਗ, ਚਾਉ, ਰਵਿ ਰਹਿਆ ਹੈ ਤੇ ਤ੍ਰੈ-ਗੁਣਾਂ ਦੇ **'ਦੂਜੇ ਭਾਉ' ਦੀ ਅਣਹੋਂਦ ਹੈ।**

19. ਅਨੁਭਵੀ ਗਿਆਨ ਲਈ ਕਿਸੇ ਦਿਮਾਗੀ ਉਕਤੀ-ਜੁਗਤੀ (philosophy) ਦੀ **ਲੋੜ ਨਹੀਂ,** ਇਹ ਤਾਂ **'ਭੋਲੇ-ਭਾਇ' ਸ਼ਰਧਾ-ਭਾਵਨੀ ਦੀ 'ਖੇਲ' ਹੈ।**

20. ਅਨੁਭਵੀ ਗਿਆਨ ਲਈ **ਨਿਰਮਲ ਮਨ ਦੀ ਲੋੜ ਹੈ,** ਜਿਸ ਤੇ ਪਹਿਲਾਂ ਤੋਂ ਕਿਸੇ ਹੋਰ **ਦਿਮਾਗੀ ਗਿਆਨ ਦੀ 'ਪਾਣ' ਨਾ ਚੜ੍ਹੀ ਹੋਵੇ।** (Not galvanized with any preconceived intellectual ideas or conception.)

**'ਹੋਸ਼ਾਂ'** ਨੂੰ ਤਿਆਗ ਕੇ **'ਮਸਤੀ'** ਦਾ ਰਾਹ ਫੜਨਾ ਹੈ। ਅਕਲ, ਚਤੁਰਾਈ, ਉਕਤੀਆਂ, ਜੁਗਤੀਆਂ ਅਤੇ ਖਿਆਲੀ ਕਲਪਨਾ ਦੀਆਂ ਉਡਾਰੀਆਂ ਨਾਲ, **ਇਲਾਹੀ ਸੂਖਮ 'ਤੱਤ' ਦਾ ਅਨੁਭਵੀ ਪ੍ਰਕਾਸ਼ ਨਹੀਂ ਹੋ ਸਕਦਾ।**

**'ਅਨੁਭਵੀ ਪ੍ਰਕਾਸ਼' ਵਿਚ ਸਾਰੇ ਕੰਮ ਸਹਿਜੇ ਹੀ ਸੌਰਦੇ ਹਨ ਤੇ ਮਨੁੱਖ ਅਨੰਦ, ਸਹਿਜ ਅਤੇ ਖੇੜੇ ਦੀ ਅਵਸਥਾ ਵਿਚ ਪਹੁੰਚਦਾ ਹੈ।**

ਸੱਚ ਤਾਂ ਇਹ ਹੈ ਕਿ ਸਾਡਾ ਰੱਬ, ਸਾਡੇ ਅੰਦਰ ਗੁਪਤ ਅਤੇ ਓਤ-ਪੋਤ ਲਿਪਟਿਆ ਹੈ, ਸਾਡਾ ਮਨ ਸਾਡੀ ਆਤਮਾ ਦਾ ਹੀ **ਅਕਸ** ਹੈ, ਪਰ ਇਸ ਮਨ ਤੇ 'ਹਉਮੈ', ਦਾ ਪਰਦਾ ਹੋਣ ਕਾਰਨ, ਸਾਨੂੰ ਅਪਣੇ 'ਆਪੇ' ਦੀ ਸੋਝੀ ਨਹੀਂ ਪੈਂਦੀ।

**ਹਉਮੈ ਬੂਝੈ ਤਾ ਦਰੁ ਸੂਝੈ ॥** (ਪੰਨਾ-੪੬੬)

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ॥
(ਪੰਨਾ-੬੨੪)

ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ (ਪੰਨਾ-੧੦੭੬)

ਮਤਲਬ ਇਹ ਹੈ ਕਿ ਤ੍ਰੈ-ਗਣਾਂ ਦੇ ਭਰਮ ਵਿੱਚ, **'ਹਉਮੈ ਦੇ ਨਸ਼ੇ' ਨਾਲ, ਸਾਨੂੰ 'ਡੂੰਘੀ ਘੂਕੀ' ਚੜ੍ਹੀ ਹੋਈ ਹੈ,** ਤੇ ਅਸੀਂ ਅਪਣੇ ਅਸਲੇ, **'ਆਪੇ' ਨੂੰ ਬੁੱਝ ਨਹੀਂ ਸਕਦੇ।** (We are in deep coma under the spell of illusive Maya and Ego.)

ਤ੍ਰੈ-ਗੁਣਾਂ ਦੀ **'ਮਾਇਕੀ ਘੂਕੀ' ਤੋਂ ਜਾਗਣ ਲਈ,** 'ਸਾਧ ਸੰਗਤ' ਦੀ ਸਹਾਇਤਾ ਤੇ ਅਗਵਾਈ ਦੀ ਅਤਿ ਲੋੜ ਹੈ। ਨਾਮ-ਸਿਮਰਨ ਦਾ ਅਭਿਆਸ ਕਰਨ ਨਾਲ ਹੀ ਅਸੀਂ ਇਸ **'ਮਾਇਕੀ ਨੀਂਦਰ' ਤੋਂ ਜਾਗ ਕੇ** ਆਪਣੇ ਪਰਮੇਸ਼ਰ ਨਾਲ ਜੁੜ ਸਕਦੇ ਹਾਂ। ਹੋਰ ਸਪਸ਼ਟ ਕਰਨ ਲਈ ਇਉਂ ਕਿਹਾ ਜਾ ਸਕਦਾ ਹੈ ਕਿ **'ਹਉਮੈ' ਦੇ ਨਸ਼ੇ ਵਿੱਚ** ਅਸੀਂ ਆਪਣੇ ਅਸਲੇ **'ਰੱਬ' ਨੂੰ ਭੁੱਲ ਚੁੱਕੇ ਹਾਂ।** ਜੇ ਅਸੀਂ ਇਸ **'ਭੁੱਲ' ਨੂੰ 'ਯਾਦ' ਵਿੱਚ ਬਦਲ ਦੇਈਏ** ਤਾਂ ਸਾਨੂੰ ਇਲਾਹੀ ਦੁਨੀਆਂ ਦੀ ਸੂਝ-ਬੂਝ ਹੋ ਸਕਦੀ ਹੈ। (With the help and guidence of inspired and illuminated Souls and their personal magnetic infection, the Conciousness of our Souls can be awakened.)

ਇਹ 'ਜੀਵ' **ਰਾਮ ਦੀ ਅੰਸ਼ ਹੈ।**

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ (ਪੰਨਾ-੮੭੧)

ਅਨੇਕਾਂ ਜਨਮਾਂ ਤੋਂ 'ਹਉਮੈ ਦੇ ਭਰਮ' ਕਾਰਨ ਜੀਵ **ਅਪਣੇ 'ਆਪੇ' ਤੋਂ ਭੁੱਲਿਆ ਹੋਇਆ ਹੈ।** ਮਨੁੱਖਾ ਜਨਮ ਵਿੱਚ ਹੀ ਜੀਵ ਨੂੰ ਅਪਣੇ 'ਆਪੇ' ਨੂੰ ਬੁੱਝਣ-'ਸੀਝਣ' ਦਾ **ਮੌਕਾ** (chance) **ਮਿਲਿਆ ਹੈ।** ਪਰ ਮਨੁੱਖ ਦੀ ਕਿੰਨੀ ਅਫ਼ਸੋਸਨਾਕ ਅਧੋਗਤੀ ਹੈ, ਕਿ ਦਿਮਾਗੀ ਗਿਆਨ ਦੇ ਬੇਅੰਤ ਵਿਕਾਸ ਹੁੰਦਿਆਂ ਹੋਇਆਂ ਭੀ ਇਹ **ਆਪਣੇ 'ਆਪੇ', 'ਬੇਗਮਪੁਰਾ', 'ਪੀਉ ਦਾਦੇ ਦਾ ਖਜ਼ਾਨਾ' ਨੂੰ 'ਬੁੱਝ', 'ਸੀਝ', 'ਚੀਨ', ਪਹਿਚਾਨ ਨਹੀਂ ਸਕਿਆ** ਤੇ ਸਾਰਾ ਜੀਵਨ ਪਸ਼ੂ ਦੀ ਨਿਆਈਂ, ਖਾਣ-ਪੀਣ-ਕੰਮ ਕਰਦਿਆਂ ਸੌਣ ਵਿੱਚ ਗਵਾ ਲੈਂਦਾ ਹੈ ਤੇ ਸਦਾ ਦੁਖ-ਕਲੇਸ਼ ਅਤੇ ਫ਼ਿਕਰ-ਚਿੰਤਾ ਦਾ **ਸ਼ਿਕਾਰ ਬਣਿਆ ਰਹਿੰਦਾ ਹੈ, ਤੇ ਆਤਮਿਕ ਸੁਖ, ਪ੍ਰੀਤ ਪ੍ਰੇਮ, ਰਸ, ਚਾਉ ਵਾਲੇ ਜੀਵਨ ਤੋਂ ਵਾਂਝਾ ਰਹਿੰਦਾ ਹੈ।**

**ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥**
(ਪੰਨਾ-੧੩੦੦)

ਸਾਡਾ ਗਿਆਨ ਤਿੰਨ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ —

1. 'ਮਾਦੀ' ਗਿਆਨ।
2. ਧਾਰਮਿਕ ਗਿਆਨ।
3. ਅਨੁਭਵੀ ਗਿਆਨ।

ਸਾਰੀ ਦੁਨੀਆਂ 'ਮਾਦੀ' ਗਿਆਨ ਵਿੱਚ **ਗਲਤਾਨ** ਹੈ ਤੇ **ਧਾਰਮਿਕ ਗਿਆਨ ਤੋਂ ਅਣਜਾਣ ਜਾਂ ਅਵੇਸਲੀ ਹੈ।** ਧਾਰਮਿਕ ਗਿਆਨ ਵੱਲ, ਕਿਸੇ-ਕਿਸੇ ਦੀ ਰੁਚੀ ਹੁੰਦੀ ਹੈ ਪਰ ਉਹ ਭੀ, **'ਅਨੁਭਵੀ ਆਤਮਿਕ ਗਿਆਨ' ਤੋਂ ਕੋਰੇ ਹੁੰਦੇ ਹਨ।**

ਇਸ ਤਰ੍ਹਾਂ ਅਸੀਂ ਸਾਰੇ ਹੀ **'ਮਾਦੀ' ਤੇ 'ਧਾਰਮਿਕ' ਗਿਆਨ ਵਿੱਚ ਐਨੇ ਰੁੱਝੇ ਹੋਏ ਹਾਂ** ਕਿ ਸਾਨੂੰ **'ਅਨੁਭਵੀ ਆਤਮਿਕ ਗਿਆਨ' ਦੀ ਲੋੜ ਹੀ ਨਹੀਂ ਜਾਪਦੀ, ਉੱਦਮ ਤਾਂ ਕੀ ਕਰਨਾ ਸੀ।** ਹਾਲਾਂ ਕਿ ਸਾਰੀ ਗੁਰਬਾਣੀ ਦਾ ਇਸ **ਅਨੁਭਵੀ ਆਤਮਿਕ ਗਿਆਨ ਵੱਲ ਇਸ਼ਾਰਾ ਤੇ ਪ੍ਰੇਰਨਾ ਹੈ।** ਇਸ ਤਰ੍ਹਾਂ ਅਸੀਂ ਬਦਾਮ ਦੇ 'ਛਿੱਲੜ' ਤੇ 'ਗਿਰੀਆਂ' ਵਿੱਚ ਹੀ ਫਸੇ ਹੋਏ ਹਾਂ ਤੇ **ਤੱਤ ਰੂਪ 'ਬਦਾਮ-ਰੋਗਨ' ਤੋਂ ਬੇ-ਖਬਰ ਹਾਂ।**

ਮਾਦੀ ਤੇ ਧਾਰਮਿਕ ਗਿਆਨ, **ਹਉਮੈ ਦੀ ਰੰਗਣ ਵਿੱਚ,** ਤ੍ਰੈ-ਗੁਣਾਂ ਦੇ ਦਾਇਰੇ ਅੰਦਰ ਪ੍ਰਵਿਰਤ ਹੈ। ਇਨ੍ਹਾਂ ਦੇ ਅਕਸ ਵਿਚ ਸਾਡਾ ਜੀਵਨ **'ਇਕ-ਪੱਖੀ'** ਤੇ ਅਪੂਰਨ ਹੋਣ ਕਾਰਨ, ਦੁਖ-ਕਲੇਸ਼, ਈਰਖਾ-ਦਵੈਤ, ਰੋਗ, ਚਿੰਤਾ ਵਿਚ ਗਲਤਾਨ ਹੋ ਕੇ ਦੁਖੀ ਹੋ ਰਿਹਾ ਹੈ ਤੇ **ਦੈਵੀ ਆਤਮਿਕ ਗੁਣਾਂ, ਪ੍ਰੀਤ, ਪ੍ਰੇਮ ਰਸ, ਸੁਖ, ਸ਼ਾਂਤੀ ਤੋਂ ਵਾਂਝਾ ਹੈ।** ਇਸ ਲਈ ਸਾਡੇ ਜੀਵਨ ਨੂੰ 'ਪੂਰਨ' ਤੇ ਸੁਖੀ ਬਨਾਉਣ ਲਈ, ਮਾਦੀ ਤੇ ਧਾਰਮਿਕ ਗਿਆਨ ਤੋਂ **ਇਲਾਵਾ, ਅਨੁਭਵੀ ਆਤਮਿਕ ਗਿਆਨ ਦੀ ਵੀ ਲੋੜ ਹੈ,** ਨਹੀਂ ਤਾਂ ਦੁਨੀਆਂ ਦੀ ਵਰਤਮਾਨ ਦੁਖਦਾਈ ਮਾਨਸਿਕ, ਭਾਈਚਾਰਕ ਅਤੇ ਆਤਮਿਕ ਹਾਲਤ ਦਾ **ਸੁਧਾਰ ਨਹੀਂ ਹੋ ਸਕਦਾ।**

ਸਾਡਾ ਵਰਤਮਾਨ **ਵਿਦਿਅਕ ਤੇ ਭਾਈਚਾਰਕ ਢਾਂਚਾ, ਸਿਰਫ਼ 'ਮਾਦੀ'** ਗਿਆਨ **ਤੇ ਨਿਰਭਰ ਹੈ** ਤੇ ਆਉਣ ਵਾਲੀ **ਪਨੀਰੀ ਨੂੰ** ਮਾਦੀ ਗਿਆਨ ਦੀ **'ਪੱਕੀ ਪਾਣ'** (Galvanized with worldly knowledge) ਚੜ੍ਹਾ ਰਿਹਾ ਹੈ। ਇਹੋ ਕਾਰਨ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਧਰਮ ਵਲੋਂ **ਅਵੇਸਲੀ ਜਾਂ ਅਨਜਾਣ ਹੀ ਨਹੀਂ, ਬਲਕਿ ਘਿਰਨਾ ਕਰਨ ਲੱਗ ਪਈ ਹੈ** ਤੇ ਆਪਣੇ ਆਪ ਨੂੰ ਸੋਸ਼ਲਿਸ਼ਟ ਤੇ ਕਮਿਊਨਿਸਟ (socialist and communist) ਅਖਵਾਉਣ ਵਿੱਚ **ਫ਼ਖਰ ਸਮਝਦੀ ਹੈ ਤੇ ਨਾਸਤਿਕ ਬਣ ਰਹੀ ਹੈ।**

ਗੁਰਬਾਣੀ ਵਿਚ ਇਸ **'ਮਾਦੀ' ਪੜ੍ਹਾਈ** ਬਾਬਤ ਇਉਂ ਦਸਿਆ ਗਿਆ ਹੈ —

**ਪੜਿਐ ਮੈਲੁ ਨ ਉਤਰੈ** ਪੂਛਹੁ ਗਿਆਨੀਆ ਜਾਇ ॥ (ਪੰਨਾ-੩੯)

ਪੜੀਐ ਗੁਣੀਐ ਕਿਆ ਕਥੀਐ ਜਾ **ਮੁੰਢਹੁ ਘੁਥਾ ਜਾਇ ॥** (ਪੰਨਾ-੬੮)

**ਦੂਜੈ ਭਾਇ ਪੜੈ ਨਹੀ ਬੂਝੈ ॥**
**ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥** (ਪੰਨਾ-੧੨੭)

**ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ**
**ਬਿਨੁ ਬੂਝੇ ਦੁਖੁ ਪਾਵਣਿਆ ॥** (ਪੰਨਾ-੧੨੮)

ਤੀਨਿ ਭਵਨ ਮਹਿ ਏਕਾ ਮਾਇਆ ॥
**ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥** (ਪੰਨਾ-੪੨੪)

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ **ਵਿਣੁ ਬੂਝੇ ਤੂੰ ਡੂਬਿ ਮੁਆ ॥** (ਪੰ.-੪੩੫)

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥.....
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥** (ਪੰਨਾ-੪੬੭)

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
**ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥** (ਪੰ.-੬੫੦)

**ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥**
**ਨਾਮੁ ਨ ਬੂਝਹਿ ਭਰਮਿ ਭੁਲਾਨਾ ॥.....**
ਸਿਮ੍ਰਿਤ ਸਾਸਤ੍ਰ ਪੜਹਿ ਪੁਰਾਣਾ ॥ **ਵਾਦੁ ਵਖਾਣਹਿ ਤਤੁ ਨ ਜਾਣਾ ॥**
(ਪੰਨਾ-੧੦੩੨)

ਬੇਦ ਪੜਹਿ **ਹਰਿ ਨਾਮ ਨ ਬੂਝਹਿ ॥**
**ਮਾਇਆ ਕਾਰਣਿ ਪੜਿ ਪੜਿ ਲੂਝਹਿ ॥** (ਪੰਨਾ-੧੦੫੦)

**ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ**
**ਬਿਰਥਾ ਜਨਮੁ ਗਵਾਇਆ ॥** (ਪੰਨਾ-੧੧੩੩)

**ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥**
**ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥** (ਪੰਨਾ-੧੨੭੭)

**ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥** (ਪੰਨਾ-੧੨੮੮)

**ਕਬੀਰ ਮੈ ਜਾਨਿਉ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥** (ਪੰ.-੧੩੬੬)

ਦੂਜੇ ਪਾਸੇ ਧਾਰਮਿਕ ਪੱਖ ਵਿਚ, ਇਤਨੀ ਗਿਲਾਨੀ ਤੇ ਪਖੰਡ ਆ ਵੜਿਆ ਹੈ, ਕਿ ਜਨਤਾ ਨੂੰ ਧਰਮ ਵੱਲ ਪ੍ਰੇਰਨਾ ਦੇਣ ਦੀ ਬਜਾਏ, ਨਫਰਤ ਤੇ ਨਾਸਤਿਕਤਾ ਦਾ ਕਾਰਨ ਬਣ ਰਿਹਾ ਹੈ। ਜਿਨ੍ਹਾਂ ਕਰਮ-ਕਾਂਡਾਂ ਤੇ ਪਖੰਡ ਦੇ ਭਰਮ ਭੁਲੇਖਿਆਂ ਵਿਚੋਂ ਸਾਨੂੰ

ਗੁਰੂ ਸਾਹਿਬਾਨ ਨੇ **ਕੱਢਿਆ ਸੀ,** ਅਸੀਂ ਉਨ੍ਹਾਂ ਹੀ ਭਰਮ-ਭੁਲੇਖਿਆਂ ਵਿਚ ਡਿੱਗ ਹੀ ਨਹੀਂ ਪਏ, ਬਲਕਿ **ਗਲਤਾਨ ਹੋ ਰਹੇ ਹਾਂ।**

ਇਸ ਲੇਖ ਦਾ ਇਹ ਮਤਲਬ ਨਹੀਂ ਕਿ ਅਸੀਂ 'ਮਾਦੀ' ਤੇ 'ਧਾਰਮਿਕ' ਵਿਦਿਆ ਪੜ੍ਹਨੀ ਹੀ ਨਹੀਂ। ਅਸੀਂ ਦੁਨੀਆਂ ਵਿਚ 'ਹੁਕਮ' ਅਨੁਸਾਰ ਵਿਚਰਨਾ ਹੈ, ਜਿਸ ਲਈ ਸਾਨੂੰ **ਲੋੜ ਅਨੁਸਾਰ ਇਸ ਦੁਨੀਆਂ ਦੀ ਜਾਣਕਾਰੀ ਲੋੜੀਂਦੀ ਹੈ।**

ਪਰਮਾਰਥਿਕ ਜੀਵਨ ਲਈ 'ਧਾਰਮਿਕ ਗਿਆਨ' ਭੀ ਲਾਜ਼ਮੀ ਹੈ। ਪਰ, ਇਥੇ ਚੰਗੀ ਤਰ੍ਹਾਂ ਸਮਝਣ ਅਤੇ ਦ੍ਰਿੜ੍ਹ ਕਰਨ ਵਾਲੀ ਗੱਲ ਇਹ ਹੈ ਕਿ ਇਹ ਦੋਵੇਂ ਗਿਆਨ, ਗੁਰਬਾਣੀ ਅਨੁਸਾਰ ਮਨੁੱਖ ਦੇ –

ਸਾਧਨ ਹਨ, **ਪੂਰਨਤਾ ਨਹੀਂ**

ਪੌੜੀਆਂ ਦੇ ਟੰਬੇ ਹਨ, **'ਸਿਖਰ' ਨਹੀਂ**

ਪੜਾਉ ਹਨ, **ਮੰਜ਼ਿਲ ਨਹੀਂ**

ਕਲਾਸਾਂ ਹਨ, **ਡਿਗਰੀ ਨਹੀਂ।**

Worldly and religious knowledge are 'the means' and not the 'fulfilment' of the Soul.

ਸਾਡੀ ਮੌਜੂਦਾ ਅਧੋਗਤੀ ਦੇ ਕਾਰਣ ਦੀ ਗਹੁ ਨਾਲ ਖੋਜ ਕੀਤੀ ਜਾਵੇ ਤਾਂ ਇਹ ਗੱਲ ਸਹਿਜੇ ਹੀ ਉੱਘੜ ਕੇ ਸਾਹਮਣੇ ਆਵੇਗੀ ਕਿ ਅਸੀਂ 'ਮਾਦੀ' ਤੇ **'ਧਾਰਮਿਕ' ਦਿਮਾਗੀ ਗਿਆਨ ਨੂੰ ਹੀ 'ਮੰਜ਼ਿਲ', 'ਸਿਖਰ', 'ਪੂਰਨਤਾ' ਸਮਝੀ ਬੈਠੇ ਹਾਂ ਤੇ ਆਤਮਿਕ 'ਅਨੁਭਵੀ ਗਿਆਨ' ਵਾਲੀ ਉੱਚੀ-ਸੁੱਚੀ ਇਲਾਹੀ ਮੰਜ਼ਿਲ, ਸਿਖਰ, ਪੂਰਨਤਾ ਤੋਂ ਬੇਖਬਰ, ਅਣਜਾਣ ਜਾਂ ਜਾਣ-ਬੁੱਝ ਕੇ ਅਵੇਸਲੇ ਜਾਂ ਮਚਲੇ ਹੋਏ ਹਾਂ,** ਹਾਲਾਂਕਿ ਨਿੱਤ ਪੜ੍ਹਨ, ਸੁਣਨ ਅਤੇ ਗਾਉਣ ਦੁਆਰਾ **ਗੁਰਬਾਣੀ ਉਸ ਉੱਚੀ-ਸੁੱਚੀ ਇਲਾਹੀ ਆਤਮਿਕ ਅਵਸਥਾ ਵੱਲ ਧਿਆਨ ਦਿਵਾਉਂਦੀ ਤੇ ਪ੍ਰੇਰਦੀ ਰਹਿੰਦੀ ਹੈ।**

We have consciously or unconsciously become complacent or ignorant about the Divine heritage and destination of our Souls.

ਭਾਵੇਂ ਵਿਗਿਆਨੀਆਂ ਨੇ ਕੁਦਰਤ ਦੀ **ਡੂੰਘੀ ਖੋਜ ਕਰਕੇ** ਅਤਿ ਸੂਖਮ ਭੇਦਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ – ਪਰ ਇਹਨਾਂ ਪ੍ਰਾਪਤੀਆਂ ਦਾ ਵਿਕਾਸ **ਮਾਇਕੀ ਦੁਨੀਆਂ ਤਾਈਂ ਸੀਮਤ ਹੈ।**

ਆਤਮ ਮੰਡਲ ਦਾ 'ਅਨੁਭਵੀ ਗਿਆਨ' ਦਿਮਾਗੀ ਖੋਜ ਦੀ **ਪਕੜ ਅਥਵਾ ਪਹੁੰਚ ਤੋਂ ਪਰ੍ਹੇ ਹੈ।**

ਜਦ ਸਰੀਰ ਨੂੰ ਬਿਜਲੀ ਦੇ ਕਰੰਟ (current) ਦੀ 'ਛੋਹ' ਲਗਦੀ ਹੈ ਤਾਂ ਸਾਰੇ ਸਰੀਰ ਵਿਚ ਕੋਈ ਥਰ-ਕੰਬਣੀ (vibration) ਫਿਰ ਜਾਂਦੀ ਹੈ ਪਰ ਇਹ ਥਰ ਕੰਬਣੀ **ਹਾਨੀਕਾਰਕ** (destructive) **ਹੈ।**

ਇਸ ਦੇ ਉਲਟ ਜਦ ਅਨੁਭਵੀ **ਆਤਮਿਕ 'ਲਿਸ਼ਕ' ਅਥਵਾ 'ਸਬਦ' ਯਾ 'ਨਾਮ' ਦੇ ਪ੍ਰਕਾਸ਼** ਦਾ ਝਲਕਾਰਾ ਸਾਡੇ ਮਨ ਤੇ ਪੈਂਦਾ ਹੈ ਤਾਂ ਤਨ, ਮਨ ਅਤੇ ਅੰਤ੍-ਆਤਮਾ ਵਿਚ ਕੋਈ **ਅਨੋਖੀ ਅਤੇ ਅਕਹਿ ਰੁਣ ਝੁਣ ਮਹਿਸੂਸ ਹੁੰਦੀ ਹੈ, ਜੋ –**

ਸੁਖ
ਸ਼ਾਂਤੀ
ਅਨੰਦ
ਪ੍ਰੀਤ
ਪਿਆਰ
ਪ੍ਰਿਮ-ਰਸ
ਚਾਉ
ਮਹਾਂ ਰਸ

**ਪ੍ਰਦਾਨ ਕਰਦੀ ਹੈ।**

ਪਰ ਇਸ 'ਰੁਣ ਝੁਣ' ਦੇ ਸੁਆਦ ਅਤੇ ਰਸ ਨੂੰ ਅੱਖਰਾਂ ਯਾ ਬੋਲੀ ਵਿਚ ਬਿਆਨਿਆ ਨਹੀਂ ਜਾ ਸਕਦਾ।

ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
**ਜਸ ਓਹੁ ਹੈ ਤਸ ਲਖੈ ਨਾ ਕੋਈ ॥** (ਪੰਨਾ-੩੪੦)

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (ਪੰਨਾ-੧੩੭੦)

ਇਸ ਅਲੌਕਿਕ ਆਤਮਿਕ **'ਰੁਣ ਝੁਣ' ਨੂੰ ਮਹਿਸੂਸ ਕਰਨਾ ਅਥਵਾ ਮਾਨਣਾ ਹੀ ਆਤਮਿਕ ਦਾਤ ਅਥਵਾ 'ਨਾਮ' ਅਥਵਾ 'ਸਬਦ' ਦਾ ਬੁੱਝਣਾ, ਸੀਝਣਾ, ਚੀਨਣਾ ਅਤੇ ਪਹਿਚਾਨਣਾ ਕਿਹਾ ਜਾਂਦਾ ਹੈ।**

ਕਿਤਨੀ ਹੈਰਾਨੀ ਵਾਲੀ ਅਤੇ ਅਫਸੋਸ ਦੀ ਗੱਲ ਹੈ ਕਿ ਕਈ ਜਨਮਾਂ ਤੋਂ ਪ੍ਰਮਾਰਥ ਬਾਬਤ ਗਿਆਨ –

ਪੜ੍ਹਦਿਆਂ-ਪੜ੍ਹਾਉਂਦਿਆਂ
ਸੁਣਦਿਆਂ-ਸੁਣਾਉਂਦਿਆਂ

ਕਥਾ-ਵਾਰਤਾ ਕਰਦਿਆਂ
ਉਪਦੇਸ਼ ਕਰਦਿਆਂ
ਗਿਆਨ ਘੋਟਦਿਆਂ
ਕਰਮ-ਕਾਂਡ ਕਰਦਿਆਂ

ਹੋਇਆਂ, ਭੀ ਗੁਰਬਾਣੀ ਵਿਚ ਦਰਸਾਏ **ਆਤਮਿਕ ਗਿਆਨ ਦੀ ਸਚਾਈ** –

'ਗੁਰੂ ਮੇਰੇ ਸੰਗ ਸਦਾ ਹੈ ਨਾਲੇ'
'ਹਾਥ ਪੈ ਨੇਰੈ'
'ਨਾਲ ਹੋਵੰਦਾ ਲਹਿ ਨ ਸਕੰਦਾ'
'ਵਸਹਿ ਜੀਅ ਨਾਲੇ'
ਲਾਡ-ਲਡਾਉਂਦਿਆਂ
ਖੇਲ-ਖਿਲਾਉਂਦਿਆਂ
'ਪ੍ਰਤਿਪਾਲੈ ਨਿਤ ਸਾਰ ਸਮਾਲੈ'

ਨੂੰ ਅਸੀਂ **ਬੁੱਝ, ਸੀਝ, ਚੀਨ, ਜਾਣ ਅਤੇ ਪਹਿਚਾਣ ਨਹੀਂ ਸਕੇ ਅਥਵਾ ਜੀਵਨ ਦੇ ਨਿਜੀ ਤਜਰਬੇ ਵਿਚ ਮਾਣ ਨਹੀਂ ਸਕੇ** !!!

**ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥** (ਪੰ.-੫੬੦)

ਜਗਿਆਸੂ ਦੀ ਇਸ 'ਅਧੋਗਤੀ' ਅਥਵਾ **'ਹਉਕੇ'** ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ –

**ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ ॥** (ਪੰ.-੪੮੨)

ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ (ਪੰ.-੭੩੭)

**ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥** (ਪੰ.-੯੨੪)

ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ (ਪੰਨਾ-੧੧੧੧)

ਅਸੀਂ ਆਪਣੀ ਤੀਖਣ ਬੁੱਧੀ ਨਾਲ ਮਾਇਕੀ ਅਥਵਾ ਮਾਦੀ **ਕੁਦਰਤ ਦੀ ਬਾਹਰਮੁਖੀ ਖੋਜ ਵਿਚ ਇਤਨੇ ਖੁੱਭੇ ਅਥਵਾ ਮਸਤ ਹੋਏ ਹਾਂ ਕਿ ਅੰਤ੍-ਮੁਖੀ ਆਤਮਿਕ ਖੋਜ ਦੀ ਸਾਨੂੰ ਲੋੜ ਹੀ ਨਹੀਂ ਭਾਸਦੀ ਅਤੇ ਨਾ ਹੀ ਫੁਰਸਤ ਹੈ**!!!

ਆਤਮਿਕ ਮੰਡਲ ਦੇ **'ਝਲਕਾਰੇ' ਅਥਵਾ 'ਛੋਹ' ਦੇ ਅਸਰ ਯਾ ਰਸ ਨੂੰ ਅੱਖਰਾਂ ਯਾ ਬੋਲੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ** – ਪਰ ਗੁਰਬਾਣੀ ਵਿਚ ਇਸ **ਅਨੋਖੇ ਆਤਮਿਕ ਤਜਰਬੇ ਨੂੰ ਇਉਂ ਬਿਆਨ ਕੀਤਾ ਗਿਆ ਹੈ** –

**ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥**
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥
(ਪੰਨਾ-੯੨੫)

**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥** (ਪੰ.-੫੫੭)

**ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥**
**ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥**
ਮਿਲਿ ਸੰਤਿ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗ ਭਿੰਨੀਆ ॥
(ਪੰਨਾ-੫੪੫)

**ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥**
**ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥** (ਪੰਨਾ-੪੩੬)

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ (ਪੰਨਾ-੨੬੩)

**ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰ ਵਾਇਦਾ ॥**
(ਪੰਨਾ-੧੦੩੩)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ (ਪੰਨਾ-੧੨੨੬)

ਹਾਂ ਜੀ, ਸਾਡੇ ਮਨ-ਤਨ ਤੇ ਜੋ **'ਆਤਮਿਕ ਛੋਹ' ਦਾ ਸੋਹਣਾ, ਮਿੱਠਾ, ਬਿਸਮਾਦੀ ਅਸਰ ਹੁੰਦਾ ਹੈ,** ਉਸ ਨੂੰ –

ਰੁਣ ਝੁਣ
ਥਰ ਕੰਬਣੀ
ਅਨਹਦ ਝੁਣਕਾਰ
ਅਨਹਦ ਧੁਨੀ
ਅਨਹਦ ਬਾਣੀ
ਅਨਹਦ ਨਾਦ
ਅਨਹਦ ਸਬਦ

**ਕਿਹਾ ਗਿਆ ਹੈ** ਅਤੇ **ਇਸ ਦੇ ਅੰਤ੍ਰ-ਆਤਮੇ 'ਅਨੁਭਵੀ ਨਿਜੀ ਤਜਰਬੇ' ਨੂੰ –**

ਬੁੱਝਣਾ
ਸੀਝਣਾ

ਚੀਨਣਾ
ਪਹਿਚਾਨਣਾ
ਜਾਣਨਾ

**ਕਿਹਾ ਜਾਂਦਾ ਹੈ।**

ਪਰ, ਇਹ **ਅੰਤ੍ਰ-ਆਤਮੇ ਦੀ ਖੇਲ** –

ਨਿਰਾਲੀ ਹੈ
ਵਿਲੱਖਣ ਹੈ
ਅਚਰਜ ਹੈ
ਅੰਤ੍ਰ-ਮੁਖੀ ਹੈ
ਬਿਸਮਾਦੀ ਹੈ
ਨਾਮ-ਖ਼ੁਮਾਰੀ ਹੈ
ਆਤਮ ਮਹਾਂ ਰਸ ਹੈ
ਆਤਮ ਰੰਗ ਹੈ

ਅਤੇ ਇਹ **ਵਿਲੱਖਣ ਤੇ ਅਚਰਜ ਖੇਲ ਬਾਹਰਮੁਖੀ** ਸਮਝੇ ਅਤੇ ਜਾਣੇ ਹੋਏ ਖਿਆਲਾਂ ਅਤੇ ਨਿਸਚਿਆਂ ਦੇ **ਦਿਮਾਗੀ ਗਿਆਨ ਦੇ ਐਨ ਉਲਟ ਯਾ ਮੁਤਜ਼ਾਦ ਹੈ।**

**ਅਨੁਭਵੀ ਆਤਮਿਕ ਤਜਰਬੇ ਤੋਂ ਬਿਨਾਂ ਸਾਰਾ ਸੰਸਾਰ ਹੀ ਮਾਇਕੀ ਅਗਿਆਨਤਾ ਅਥਵਾ ਭਰਮ-ਗੜ੍ਹ ਵਿਚ ਹੀ ਵਿਚਰਦਾ ਤੇ ਗਲਤਾਨ ਰਹਿੰਦਾ ਹੈ** –

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਪੰਨਾ-੪੦੦)

**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥** (ਪੰਨਾ-੫੫੮)

**ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥**
ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ (ਪੰ.-੭੧੨)

**ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥** (ਪੰਨਾ-੭੫੨)

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

**❖ ਸ਼ਾਖਾ ❖**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

**❖ ਪ੍ਰਕਾਸ਼ਕ ❖**

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297